# ਭਾਰਤ ਵਿੱਚ ਹੁਣ ਤੱਕ ਬਾਸਮਤੀ ਦੀਆਂ 45 ਕਿਸਮਾਂ ਅਧਿਸੂਚਿਤ

ਝੋਨੇ ਦੀ ਕਾਸ਼ਤ ਤੋਂ ਇਲਾਵਾ, ਉੱਤਰ ਭਾਰਤ ਦੇ ਕਈ ਰਾਜਾਂ ਦੇ ਕਿਸਾਨ ਸਾਉਣੀ ਦੇ ਮੌਸਮ ਦੌਰਾਨ ਮਹਿਕਦਾਰ, ਲੰਬੇ-ਦਾਣੇ ਵਾਲੇ ਚੌਲਾਂ ਦੀ ਕਿਸਮ — ਬਾਸਮਤੀ — ਵੀ ਲਾਉਂਦੇ ਹਨ। ਖੇਤੀਬਾੜੀ ਅਤੇ ਪ੍ਰੋਸੈਸਡ ਖੁਰਾਕ ਉਤਪਾਦ ਨਿਰਯਾਤ ਵਿਕਾਸ ਅਥਾਰਟੀ (ਅਪੇਡਾ) ਵੱਲੋਂ ਤਿਆਰ ਕੀਤੀ ਗਈ ਜਾਣਕਾਰੀ ਅਨੁਸਾਰ, ਹੁਣ ਤੱਕ, ਬਾਸਮਤੀ ਦੀਆਂ ਕੁੱਲ 45 ਕਿਸਮਾਂ ਨੂੰ ਬੀਜ ਅਧਿਨਿਯਮ, 1966 ਅਧੀਨ ਨੋਟੀਫਾਈ ਜਾਂ ਅਧਿਸੂਚਿਤ ਕੀਤਾ ਗਿਆ ਹੈ।

ਬੀਜ ਅਧਿਨਿਯਮ ਦੇ ਤਹਿਤ, ਪ੍ਰਮਾਣਿਤ ਬੀਜ ਸਿਰਫ ਅਧਿਸੂਚਿਤ ਜਾਂ ਐਲਾਨਸ਼ੁਦਾ ਕਿਸਮਾਂ ਦੇ ਹੀ ਪੈਦਾ ਕੀਤੇ ਜਾ ਸਕਦੇ ਹਨ। ਇਸ ਲਈ, ਪ੍ਰਮਾਣਿਤ ਬੀਜਾਂ ਦੇ ਉਤਪਾਦਨ ਲਈ ਅਧਿਸੂਚਨਾ ਲਾਜ਼ਮੀ ਹੈ। ਕਿਸਾਨਾਂ ਨੂੰ ਕਿਸਮਾਂ ਦੀ ਅਧਿਸੂਚਨਾ ਦਾ ਫ਼ਇਦਾ ਹੁੰਦਾ ਹੈ ਕਿਉਂਕਿ ਉਨ੍ਹਾਂ ਨੂੰ ਐਲਾਨਸ਼ੁਦਾ ਕਿਸਮਾਂ ਦੇ ਮਿਆਰੀ ਬੀਜ ਮਿਲਦੇ ਹਨ।

**ਬਾਸਮਤੀ ਦੀਆਂ ਅਧਿਸੂਚਿਤ ਕਿਸਮਾਂ:**

- ਬਾਸਮਤੀ 217
- ਪੰਜਾਬ ਬਾਸਮਤੀ (ਬੌਣੀ ਬਾਸਮਤੀ)
- ਬਾਸਮਤੀ 386
- ਪੰਜਾਬ ਬਾਸਮਤੀ 2
- ਪੰਜਾਬ ਬਾਸਮਤੀ 3
- ਬਾਸਮਤੀ 370
- ਹਰਿਆਣਾ ਬਾਸਮਤੀ 1
- ਤਰਾਵੜੀ ਬਾਸਮਤੀ (ਐਚ ਬੀ ਸੀ 19)
- ਟਾਈਪ 3 (ਦੇਹਰਾਦੂਨੀ ਬਾਸਮਤੀ)
- ਪੰਤ ਬਾਸਮਤੀ (ਆਈ ਈ ਟੀ 21665)
- ਪੰਤ ਬਾਸਮਤੀ (ਆਈ ਈ ਟੀ 21953)
- ਕਸਤੂਰੀ
- ਮਾਹੀ ਸੁਗੰਧਾ

- ਬਾਸਮਤੀ ਸੀ ਐਸ ਆਰ 30
- ਮਾਲਵੀਆ ਬਾਸਮਤੀ ਧਾਨ
- ਰਣਬੀਰ ਬਾਸਮਤੀ
- ਬਾਸਮਤੀ 564
- ਪੂਸਾ ਬਾਸਮਤੀ 1
- ਸੋਧੀ ਪੂਸਾ ਬਾਸਮਤੀ 1 (ਪੂਸਾ 1460)
- ਪੂਸਾ ਬਾਸਮਤੀ 1121
- ਪੂਸਾ ਬਾਸਮਤੀ 1509
- ਪੂਸਾ ਬਾਸਮਤੀ 6 (ਪੂਸਾ 1401)
- ਪੂਸਾ ਬਾਸਮਤੀ 1609
- ਪੂਸਾ ਬਾਸਮਤੀ 1637
- ਪੂਸਾ ਬਾਸਮਤੀ 1728
- ਵਲੱਭ ਬਾਸਮਤੀ 22
- ਵਲੱਭ ਬਾਸਮਤੀ 21
- ਵਲੱਭ ਬਾਸਮਤੀ 23
- ਵਲੱਭ ਬਾਸਮਤੀ 24
- ਪੂਸਾ ਬਾਸਮਤੀ 1718
- ਪੰਜਾਬ ਬਾਸਮਤੀ 4
- ਪੰਜਾਬ ਬਾਸਮਤੀ 5
- ਹਰਿਆਣਾ ਬਾਸਮਤੀ 2
- ਪੂਸਾ ਬਾਸਮਤੀ 1692
- ਜੰਮੂ ਬਾਸਮਤੀ 118
- ਜੰਮੂ ਬਾਸਮਤੀ 138
- ਜੰਮੂ ਬਾਸਮਤੀ 129

- ਜੰਮੂ ਬਾਸਮਤੀ 123
- ਪੂਸਾ ਬਾਸਮਤੀ 1847
- ਪੂਸਾ ਬਾਸਮਤੀ 1885
- ਪੂਸਾ ਬਾਸਮਤੀ 1886
- ਪੂਸਾ ਬਾਸਮਤੀ 1985
- ਪੂਸਾ ਬਾਸਮਤੀ 1979
- ਪੂਸਾ ਬਾਸਮਤੀ 1882
- ਪੰਜਾਬ ਬਾਸਮਤੀ 7

## ਬਾਸਮਤੀ ਦੀ ਕਾਸ਼ਤ ਦੇ ਖੇਤਰ

ਭਾਰਤ ਵਿੱਚ ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ, ਦਿੱਲੀ, ਉੱਤਰਾਖੰਡ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਬਾਸਮਤੀ ਦੀ ਕਾਸ਼ਤ ਕੀਤੀ ਜਾਂਦੀ ਹੈ।

## 2023-24 ਵਿੱਤੀ ਵਰ੍ਹੇ ਵਿੱਚ ਬਾਸਮਤੀ ਚੌਲਾਂ ਦਾ ਨਿਰਯਾਤ

ਕੋਲਕਾਤਾ ਸਥਿਤ ਵਪਾਰਕ ਜਾਣਕਾਰੀ ਅਤੇ ਅੰਕੜਾ ਡਾਇਰੈਕਟੋਰੇਟ ਜਨਰਲ (ਡੀ ਜੀ ਸੀ ਆਈ ਐਸ) ਵੱਲੋਂ ਤਿਆਰ ਕੀਤੇ ਅੰਕੜਿਆਂ ਮੁਤਾਬਿਕ, ਭਾਰਤ ਨੇ 2023-24 ਵਿੱਤੀ ਸਾਲ (ਅਪ੍ਰੈਲ-ਮਾਰਚ) ਦੌਰਾਨ ਕਰੀਬ 48,389.21 ਕਰੋੜ ਰੁਪਏ (ਕਰੀਬ 5.74 ਅਰਬ ਡਾਲਰ) ਦੇ ਬਾਸਮਤੀ ਚੌਲਾਂ ਦਾ ਨਿਰਯਾਤ ਕੀਤਾ ਸੀ। ਡੀ ਜੀ ਸੀ ਆਈ ਐਸ ਦੇ ਅੰਕੜਿਆਂ ਮੁਤਾਬਿਕ, ਭਾਰਤ ਨੇ 2022-24 ਵਿੱਚ ਲਗਭਗ 52.42 ਲੱਖ ਮੀਟ੍ਰਿਕ ਟਨ ਬਾਸਮਤੀ ਚੌਲਾਂ ਦਾ ਨਿਰਯਾਤ ਕੀਤਾ ਸੀ। ਡੀ ਜੀ ਸੀ ਆਈ ਐਸ ਦੇ ਅੰਕੜਿਆਂ ਅਨੁਸਾਰ, ਭਾਰਤ ਨੇ 2023-24 ਵਿੱਚ 150 ਦੇਸ਼ਾਂ ਨੂੰ ਬਾਸਮਤੀ ਚੌਲਾਂ ਦੀ ਬਰਾਮਦ ਕੀਤੀ ਸੀ। ਮਾਤਰਾ ਵਿੱਚ 10.98 ਲੱਖ ਮੀਟ੍ਰਿਕ ਟਨ ਨਾਲ ਸਾਊਦੀ ਅਰਬ,  ਭਾਰਤੀ ਬਾਸਮਤੀ ਚੌਲਾਂ ਦਾ ਸਭ ਤੋਂ ਵੱਡਾ ਦਰਾਮਦਕਾਰ ਸੀ। ਉਸ ਤੋਂ ਬਾਅਦ ਇਰਾਕ (8.24 ਲੱਖ ਮੀਟ੍ਰਿਕ ਟਨ) ਅਤੇ ਇਰਾਕ (6.7 ਲੱਖ ਮੀਟ੍ਰਿਕ ਟਨ) ਤੀਜੇ ਥਾਂ 'ਤੇ ਸੀ।